**ਦਫਤਰ:- ਡਾਇਰੈਕਟਰ ਸਿਖਿਆ ਵਿਭਾਗ (ਐ:ਸਿ:) ਪੰਜਾਬ, ਮੋਹਾਲੀ।**

**(ਅਮਲਾ-1 ਸ਼ਾਖਾ)**

**ਹੁਕਮ ਨੰਬਰ:-26/09-2017-ਅਮਲਾ-1(1)**

**ਮਿਤੀ ਮੋਹਾਲੀ:-07/05/2018**

ਇਸ ਦਫਤਰ ਦੇ ਹੁਕਮ ਨੰਬਰ:-26/09-2017-ਅਮਲਾ-(1) ਮਿਤੀ 25/05/2017 ਅਨੁਸਾਰ ਸ਼੍ਰੀ ਸੁਭਾਸ਼ ਚੰਦਰ, ਬਲਾਕ ਪ੍ਰਾਇਮਰੀ ਸਿਖਿਆ ਅਫਸਰ, ਧਾਰ-2 (ਪਠਾਨਕੋਟ), ਜਿਸ ਦੀ ਰਿਟਾਇਰਮੈਂਟ ਦੀ ਮਿਤੀ 31/05/2017 ਸੀ ਦੇ ਸੇਵਾਕਾਲ ਵਿਚ ਮਿਤੀ 01/06/2017 ਤੋਂ 31/05/2018 ਤੱਕ ਇੱਕ ਸਾਲ (ਪਹਿਲੇ ਸਾਲ ਦਾ) ਵਾਧਾ ਦਿੱਤਾ ਗਿਆ ਸੀ, ਹੁਣ ਅਧਿਕਾਰੀ ਦੀ ਮੰਗ ਅਨੁਸਾਰ ਇੰਨ੍ਹਾਂ ਨੂੰ ਸੇਵਾਕਾਲ ਵਿਚ ਵਾਧਾ ਦੂਜੇ ਸਾਲ ਦਾ ਵਾਧਾ ਮਿਤੀ 01/06/2018 ਤੋਂ 31/05/2019 ਤੱਕ, ਪੰਜਾਬ ਸਰਕਾਰ ਦੇ ਪੱਤਰ ਨੰਬਰ:-22/2/2012-3 ਐਫ.ਪੀ 2/257 ਮਿਤੀ 30/10/2015 ਵਿਚ ਦਰਜ ਹਦਾਇਤਾਂ/ ਟਰਮ ਅਤੇ ਕੰਡੀਸ਼ਨਜ਼ ਦੇ ਸੰਨਮੁੱਖ ਹੇਠ ਲਿਖੀਆਂ ਸ਼ਰਤਾਂ ਤਹਿਤ ਦਿੱਤਾ ਜਾਂਦਾ ਹੈ:-

1) ਸੇਵਾਕਾਲ ਦੇ ਵਾਧੇ ਲਈ ਅਧਿਕਾਰੀ/ਕਰਮਚਾਰੀ ਨੂੰ ਪੰਜਾਬ ਸਰਕਾਰ ਦੇ ਪੱਤਰ ਨੰ:22/2/2013-3 ਐਫ.ਪੀ.2/257 ਮਿਤੀ 30.10.15 ਵਿੱਚ ਦਰਜ ਸਾਰੀਆਂ ਸ਼ਰਤਾਂ ਅਤੇ Terms and conditions ਮੰਨਜੂਰ ਹੋਣ।

2) ਵਧੇ ਹੋਏ ਸੇਵਾਕਾਲ ਦੌਰਾਨ ਸਬੰਧਤ ਅਧਿਕਾਰੀ/ਕਰਮਚਾਰੀ ਦੀ ਤਨਖਾਹ ਅਤੇ ਹੋਰ ਲਾਭਾਂ ਬਾਰੇ ਪੰਜਾਬ ਸਰਕਾਰ ਦੀ ਨੋਟੀਫਿਕੇਸ਼ਨ ਨੰ: GSR57 and 58/Const./Art.309/Amd./2015. Dated 30.10.2015 ਪੂਰੀ ਤਰ੍ਹਾਂ ਲਾਗੂ ਹੋਵੇਗੀ, ਜਿਸ ਅਨੁਸਾਰ ਵਧੇ ਹੋਏ ਸੇਵਾਕਾਲ ਦੌਰਾਨ ਅਧਿਕਾਰੀ/ਕਰਮਚਾਰੀ ਨੂੰ ਤਰੱਕੀ, ਏ.ਸੀ.ਪੀ. ਦਾ ਲਾਭ, ਸਲਾਨਾ ਵਾਧਾ ਅਤੇ ਸਰਕਾਰ ਵੱਲੋਂ ਸੋਧੇ ਤਨਖਾਹ ਸਕੇਲ ਨਹੀਂ ਦਿੱਤੇ ਜਾਣਗੇ।

3) ਪੰਜਾਬ ਸਰਕਾਰ (ਵਿੱਤ ਵਿਭਾਗ ਵਿੱਤ ਪ੍ਰੋਸੋਨਲ-2 ਸ਼ਾਖਾ) ਦੇ ਪੱਤਰ ਨੰ: 22/2/2012-3 ਐਫ.ਪੀ.2/83 ਮਿਤੀ 30-04-15 ਦੇ ਪੈਰਾ ਨੰ:2 ਵਿੱਚ ਦਰਜ ਸ਼ਰਤਾਂ ਦੇ ਸਨਮੁੱਖ ਇਹ ਅਧਿਕਾਰੀ/ਕਰਮਚਾਰੀ ਸੇਵਾਕਾਲ ਦੇ ਵਾਧੇ ਲਈ ਯੋਗ ਹੋਵੇ।

4) **ਜੇਕਰ ਸੇਵਾਕਾਲ ਦੇ ਵਾਧੇ ਦੌਰਾਨ ਅਧਿਕਾਰੀ/ਕਰਮਚਾਰੀ ਵੱਲੋਂ ਕੋਈ ਗੰਭੀਰ ਕੁਤਾਹੀ ਕੀਤੀ ਜਾਂਦੀ ਹੈ ਜਾਂ ਪਹਿਲਾਂ ਕੀਤੀ ਕੋਈ ਗੰਭੀਰ ਕੁਤਾਹੀ ਨੋਟਿਸ ਵਿੱਚ ਆਉਂਦੀ ਹੈ ਤਾਂ ਉਸ ਵਿਰੁੱਧ ਪੰਜਾਬ ਸਿਵਲ ਸੇਵਾਵਾਂ (ਸਜਾ ਅਤੇ ਅਪੀਲ) ਨਿਯਮਾਂਵਲੀ 1970 ਦੇ ਨਿਯਮ 8 ਅਧੀਨ ਵਿਭਾਗੀ ਕਾਰਵਾਈ ਤੋਂ ਇਲਾਵਾ ਉਸ ਦੇ ਸੇਵਾਕਾਲ ਦੇ ਵਾਧੇ ਨੂੰ ਫੌਰੀ ਤੌਰ ਤੇ ਬਿਨ੍ਹਾ ਕਿਸੇ ਨੋਟਿਸ ਦੇ ਵਾਪਸ ਲਿਆ ਜਾ ਸਕਦਾ ਹੈ।**

5) ਸਬੰਧਤ ਕਰਮਚਾਰੀ ਨੂੰ ਸੇਵਾ ਨਵਿਰਤੀ ਉਪਰੰਤ ਮਿਲਣ ਯੋਗ ਸਾਰੇ ਪੈਨਸ਼ਰੀ ਲਾਭ ਉਸਦੇ ਸੇਵਾਕਾਲ ਵਿੱਚ ਕੀਤੇ ਵਾਧੇ ਦੀ ਸਮਾਪਤੀ ਹੋਣ ਉਪਰੰਤ ਹੀ ਮਿਲਣ ਯੋਗ ਹੋਣਗੇ।

6) ਜੇਕਰ ਕਰਮਚਾਰੀ ਦੀ ਪੈਨਸ਼ਨ ਮਹਾਂਲੇਖਾਕਾਰ ਪੰਜਾਬ ਤੋਂ ਪ੍ਰਵਾਨਗੀ ਉਪਰੰਤ ਆਪ ਦੇ ਅਧੀਨ ਦਫਤਰ ਵਿਖੇ ਪ੍ਰਾਪਤ ਹੋ ਗਈ ਹੋਵੇ ਤਾਂ ਪੈਨਸ਼ਨਰੀ ਲਾਭਾਂ ਦੀ ਅਦਾਇਗੀ ਤੁਰੰਤ ਰੋਕ ਦਿੱਤੀ ਜਾਵੇ।

7) ਕਰਮਚਾਰੀ ਉਕਤ ਦੱਸੀਆਂ ਹਦਾਇਤਾਂ ਅਤੇ ਸਰਕਾਰ ਵੱਲੋਂ ਸਮੇਂ-ਸਮੇਂ ਤੇ ਜਾਰੀ ਹਦਾਇਤਾਂ ਦੀ ਪਾਲਣਾ ਕਰਨ ਦਾ ਪਾਬੰਦ ਹੋਵੇਗਾ।

8) ਪੰਜਾਬ ਸਰਕਾਰ, ਵਿੱਤ ਵਿਭਾਗ ਦੇ ਪੱਤਰ ਨੰ:22/2/2012-3 ਐਫ.ਪੀ-2/15 ਮਿਤੀ 23-01-2015 ਅਨੁਸਾਰ ਸਬੰਧਤ ਅਧਿਕਾਰੀ/ਕਰਮਚਾਰੀ ਵੱਲੋਂ ਲਿਆ ਗਿਆ ਇਹ ਆਪਸ਼ਨਲ ਵਾਧਾ ਕਿਸੇ ਸਮੇਂ ਕੋਈ ਵੀ ਕਾਰਨ ਕਰਕੇ ਵਾਪਸ ਲਿਆ ਜਾ ਸਕਦਾ ਹੈ।

9) ਜੇਕਰ ਕਿਸੇ ਵੇਲੇ ਵੀ ਕੋਈ ਤੱਥ ਗਲਤ ਪਾਇਆ ਗਿਆ ਜਾਂ ਅਧਿਕਾਰੀ/ਕਰਮਚਾਰੀ ਵਿਰੁੱਧ ਚੱਲ ਰਹੀ ਵਿਭਾਗੀ ਇੰਨਕੁਆਰੀ/ਵਿਜੀਲੈਂਸ ਕੇਸ ਜਾਂ ਕਰੀਮਿਨਲ ਕੇਸ ਬਾਰੇ ਤੁਰੰਤ ਸੂਚਨਾ ਨਾ ਭੇਜੀ ਗਈ ਤਾਂ ਇਸ ਦੀ ਨਿਰੋਲ ਜਿੰਮੇਵਾਰੀ ਸਬੰਧਤ ਜਿਲ੍ਹਾ ਸਿੱਖਿਆ ਅਫਸਰ (ਐ.ਸਿੱ) ਅਤੇ ਸਕੂਲ ਮੁੱਖੀ ਦੀ ਹੋਵੇਗੀ।

10. ਇਸ ਅਧਿਕਾਰੀ ਦਾ ਪੈਨਸ਼ਨ ਕੇਸ ਮਹਾਂ ਲੇਖਾਕਾਰ ਪੰਜਾਬ, ਚੰਡੀਗੜ੍ਹ ਤੋਂ ਪ੍ਰਵਾਨ ਨਾ ਹੋਇਆ ਹੋਵੇ।

**ਇੰਦਰਜੀਤ ਸਿੰਘ**
**ਡਾਇਰੈਕਟਰ ਸਿੱਖਿਆ ਵਿਭਾਗ (ਐ.ਸਿੱ), ਪੰਜਾਬ**

ਪਿੱਠ ਅੰਕਣ ਨੰ: ਉਕਤ/ 1902 ਮਿਤੀ: ਐਸ.ਏ.ਐਸ.ਨਗਰ 08/05/18

ਉਤਾਰਾ ਹੇਠ ਲਿਖਿਆਂ ਨੂੰ ਸੂਚਨਾ ਅਤੇ ਯੋਗ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ:-

1. ਜਿਲ੍ਹਾ ਸਿੱਖਿਆ ਅਫਸਰ (ਐ.ਸਿੱ) ਪਠਾਨਕੋਟ ਨੂੰ ਉਨਾਂ ਦੇ ਮੀਮੋ ਨੰਬਰ:- ਅ-2/2018/4492 ਮਿਤੀ 22/01/2018 ਦੇ ਹਵਾਲੇ ਵਿਚ।
2. ਮਹਾਂਲੇਖਾਕਾਰ,ਪੰਜਾਬ, ਚੰਡੀਗੜ੍ਹ।
3. ਜਿਲ੍ਹਾ ਖਜਾਨਾਂ ਅਫਸਰ,ਪਠਾਨਕੋਟ।
4. ਬਲਾਕ ਪ੍ਰਾਇਮਰੀ ਸਿਖਿਆ ਅਫਸਰ, ਧਾਰ-2 (ਪਠਾਨਕੋਟ)
5. ਸ਼੍ਰੀ ਸੁਭਾਸ਼ ਚੰਦਰ, ਬੀ.ਪੀ.ਈ.ਓ. ਧਾਰ-2 (ਪਠਾਨਕੋਟ)।
6. ਐਮਆਈ.ਐਸ. ਵਿੰਗ ਦਫਤਰ ਸਰਵ ਸਿਖਿਆ ਅਭਿਆਨ ਅਥਾਰਟੀ,ਪੰਜਾਬ, ਮੋਹਾਲੀ ਨੂੰ ਵਿਭਾਗ ਦੀ ਸਾਈਟ ਤੇ ਪਾਉਣ ਲਈ।

7/5/18
**ਸੁਪਰਡੰਟ (ਅਮਲਾ)**